# ਸੰਵਾਦ

UGC CARE Listed Journal II ISSN: 2375-1273

sanvadpunjabi@gmail.com

ESTD. 1892

ਰਿਸਰਚ ਜਰਨਲ ਸੰਵਾਦ ਦਾ ਆਗਾਮੀ ਅੰਕ-22 II ਜੁਲਾਈ-ਦਸੰਬਰ 2025

July-December 2025 https://sanvad.org


## 'ਸਾਹਿਤਕ ਟੈਕਸਟ ਕਿਵੇਂ ਸਮਝੀਏ?' ਵਿਸ਼ੇ ਉਪਰ ਕੇਂਦਰਿਤ ਹੋਵੇਗਾ

ਰਿਸਰਚ ਜਰਨਲ **ਸੰਵਾਦ** ਦਾ ਆਗਾਮੀ ਅੰਕ-22 (ਜੁਲਾਈ-ਦਸੰਬਰ 2025) **'ਸਾਹਿਤਕ ਟੈਕਸਟ ਕਿਵੇਂ ਸਮਝੀਏ?'** ਵਿਸ਼ੇ ਉਪਰ ਕੇਂਦਰਿਤ ਹੋਵੇਗਾ। ਅਨੇਕਾਂ ਅਧਿਐਨ-ਵਿਧੀਆਂ ਦੀ ਭੀੜ ਵਿਚ 'ਟੈਕਸਟ' ਨੂੰ ਪੜ੍ਹਨ, ਸਮਝਣ ਤੇ ਅਧਿਐਨ ਕਰਨ ਦਾ ਢੰਗ-ਤਰੀਕਾ ਵਧੇਰੇ ਉਲਝ ਕੇ ਰਹਿ ਗਿਆ ਹੈ। ਇੱਕੀਵੀਂ ਸਦੀ ਦੇ ਇਸ ਪੜਾਅ 'ਤੇ ਵੀ ਰਚਨਾ-ਅਧਿਐਨ ਦਾ ਕੋਈ ਸਪੱਸ਼ਟ ਵਿਧੀ-ਵਿਧਾਨ ਨਹੀਂ ਉਸਾਰ ਸਕੇ, ਜਿਸ ਬਾਰੇ ਨਵੇਂ ਖੋਜਾਰਥੀਆਂ, ਵਿਦਿਆਰਥੀਆਂ ਜਾਂ ਸਾਹਿਤ ਦੇ ਸੰਜੀਦਾ ਪਾਠਕਾਂ ਨੂੰ ਇਕ ਮੱਤ ਹੋ ਕੇ ਸਮਝਾਇਆ ਜਾ ਸਕੇ ਕਿ ਟੈਕਸਟ/ਪਾਠ ਨੂੰ ਉਠਾਉਣਾ ਕਿਵੇਂ ਹੈ?

ਉਪਰੋਕਤ ਸਬੰਧੀ ਹਰ ਸਾਹਿਤ-ਰੂਪ/ਟੈਕਸਟ ਦੀਆਂ ਸਿਧਾਂਤਕ ਗੱਲਾਂ ਦੇ ਨਾਲ-ਨਾਲ, ਉਸ ਟੈਕਸਟ ਦਾ ਵਿਹਾਰਕ ਅਧਿਐਨ-ਵਿਸ਼ਲੇਸ਼ਣ ਕੀਤਾ ਜਾਣਾ ਜ਼ਰੂਰੀ ਹੈ ਤਾਂ ਕਿ ਅਸਲੋਂ ਹੀ ਗੱਲ ਕਿਸੇ ਸਿਰੇ ਲੱਗ ਸਕੇ ਅਤੇ ਸੰਵਾਦ ਦਾ ਇਹ ਅੰਕ ਇਸ ਵਿਸ਼ੇ ਨਾਲ ਸਬੰਧਿਤ ਹਵਾਲਾ ਦਸਤਾਵੇਜ਼ ਬਣ ਸਕੇ। ਨਿਰਸੰਦੇਹ ਇਹ ਵਿਸ਼ਾ ਵਿਚਾਰਧਾਰਕ/ਸਿਧਾਂਤਕ ਵੱਖਰਤਾਵਾਂ, ਸਬਜੈਕਟਿਵਿਟੀ/ਅਬਜੈਕਟਿਵਿਟੀ, ਵਾਦ-ਵਿਵਾਦਾਂ ਤੇ ਕਈ ਸੀਮਾਵਾਂ -ਸੰਭਾਵਨਾਵਾਂ ਨਾਲ ਜੁੜਿਆ ਹੋਇਆ ਹੈ, ਫਿਰ ਵੀ ਨਵੇਂ ਖੋਜਾਰਥੀਆਂ, ਵਿਦਿਆਰਥੀਆਂ ਜਾਂ ਸਾਹਿਤ ਦੇ ਸੰਜੀਦਾ ਪਾਠਕਾਂ ਤੇ ਲੇਖਕਾਂ ਦੇ ਸਨਮੁਖ ਬਹੁਤ ਕੁਝ ਨਿਤਾਰ ਕੇ ਰੱਖਣ ਵਾਲਾ ਹੈ।

ਸੋ ਇਸ ਵਿਸ਼ੇ 'ਤੇ ਭਰਪੂਰ ਸੰਵਾਦ ਰਚਾਉਣ ਦੀ ਵੱਡੀ ਜ਼ਰੂਰਤ ਹੈ। **ਸੰਵਾਦ** ਦੇ ਅਗਲੇ 22ਵੇਂ ਅੰਕ ਵਿਚ ਅਸੀਂ ਇਸ ਸਬੰਧੀ ਸੰਵਾਦ ਰਚਾਉਣਾ ਚਾਹੁੰਦੇ ਹਾਂ। ਇਸ ਉਪਰੰਤ ਇਹ ਵੱਡਮੁੱਲਾ ਦਸਤਾਵੇਜ਼ੀ ਕਾਰਜ ਪੁਸਤਕ ਰੂਪ ਵਿਚ ਵੀ ਛਪੇਗਾ। ਇਸ ਵਿਚ ਸਮੁੱਚੇ ਸਾਹਿਤ ਰੂਪਾਂ (ਮੱਧਕਾਲੀ ਸਾਹਿਤ ਦੇ ਰੂਪ; ਸ਼ਬਦ, ਸਲੋਕ, ਕਾਫ਼ੀਆਂ, ਕਿੱਸੇ, ਵਾਰਾਂ ਆਦਿ, ਆਧੁਨਿਕ ਸਾਹਿਤ ਰੂਪ; ਨਜ਼ਮ, ਗ਼ਜ਼ਲ, ਗੀਤ, ਖੁੱਲ੍ਹੀ ਕਵਿਤਾ, ਕਹਾਣੀ, ਨਾਵਲ, ਇਕਾਂਗੀ, ਨਾਟਕ, ਨਿਬੰਧ, ਜੀਵਨੀ, ਸਵੈ-ਜੀਵਨੀ, ਰੇਖਾ-ਚਿੱਤਰ, ਸਫ਼ਰਨਾਮਾ ਜਾਂ ਲੋਕ ਸਾਹਿਤ ਦੇ ਵੱਖ-ਵੱਖ ਰੂਪਾਂ) ਦੀ ਟੈਕਸਟ ਬਾਰੇ ਪੇਪਰ ਸ਼ਾਮਿਲ ਕਰਨ ਦੀ ਵਿਉਂਤ ਬਣਾਈ ਹੈ।

ਆਪਣੇ ਆਪਣੇ ਵਿਸ਼ੇ ਦੇ ਮਾਹਰ ਵਿਦਵਾਨਾਂ ਤੇ ਰਿਸਰਚ ਸਕਾਲਰਜ਼ ਨੂੰ ਬੇਨਤੀ ਹੈ ਕਿ ਆਪਣੇ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਪੰਜਾਬੀ ਸਾਹਿਤ ਅਧਿਐਨ ਦੇ ਇਸ ਮਹੱਤਵਪੂਰਨ ਕਾਰਜ ਵਿਚ ਵੱਡਮੁੱਲਾ ਯੋਗਦਾਨ ਪਾਓ ਜੀ ਅਤੇ ਉਪਰੋਕਤ ਕਿਸੇ ਵੀ ਇਕ ਸਾਹਿਤ-ਰੂਪ/ਵਿਧਾ ਨਾਲ ਸਬੰਧਿਤ ਆਪਣਾ ਵੱਡਮੁੱਲਾ ਖੋਜ-ਪੱਤਰ **15 ਮਾਰਚ 2025** ਤਕ ਭੇਜ ਕੇ ਧੰਨਵਾਦੀ ਬਣਾਓ ਜੀ।







SanvadSanvadSanvadSanvadSanvadSanvadSanvadSanvad

ਅਦਬ ਸਹਿਤ

ਆਤਮ ਸਿੰਘ ਰੰਧਾਵਾ


Sanvad
Punjabi Refereed Research Journal
PG Department of Punjabi Studies
Khalsa College Amritsar-143002 (Punjab) India